**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**Subordinate Services Selection Boar, Punjab**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ (ਮੁਹਾਲੀ)**

**Forest Complex, Sector-68, S.A.S. Nagar (Mohali)**

**http://sssb.punjab.gov.in**

## ਜਨਤਕ ਨੋਟਿਸ

ਇਸ਼ਤਿਹਾਰ ਨੰ. 12 ਆਫ 2021 ਰਾਹੀਂ ਜੂਨੀਅਰ ਡਰਾਫਟਸਮੈਨ (ਸਿਵਲ, ਮਕੈਨੀਕਲ ਅਤੇ ਆਰਕੀਟੈਕਚਰਲ) 659 ਖਾਲੀ ਅਸਾਮੀਆਂ ਨੂੰ ਸਿੱਧੀ ਭਰਤੀ ਰਾਹੀਂ ਭਰਨ ਲਈ ਬੋਰਡ ਦੀ ਵੈਬਸਾਇਟ ਤੇ ਯੋਗ ਉਮੀਦਵਾਰਾਂ ਤੋਂ ਮਿਤੀ 08.07.2021 ਤੋਂ 22.07.2021 ਤੱਕ ਸ਼ਾਮ 5.00 ਵਜੇ ਤੱਕ ਆਨ-ਲਾਈਨ ਅਰਜੀਆਂ ਦੀ ਮੰਗ ਕੀਤੀ ਗਈ ਸੀ ਅਤੇ ਫੀਸ ਭਰਨ ਦੀ ਆਖਰੀ ਮਿਤੀ 26.07.2021 ਹੈ। ਇਸ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਯੋਗ ਉਮੀਦਵਾਰਾਂ ਤੋਂ ਆਨ-ਆਰਜੀਆਂ ਪ੍ਰਾਪਤ ਕਰਨ ਦੀ ਆਖਰੀ ਮਿਤੀ / ਫੀਸ ਭਰਨ ਦੀ ਆਖਰੀ ਮਿਤੀ ਹੇਠ ਅਨੁਸਾਰ ਵਧਾਈ ਜਾਂਦੀ ਹੈ :-

ਆਨਲਾਈਨ ਅਪਲਾਈ/ **submit** ਕਰਨ ਦੀ ਆਖਰੀ ਮਿਤੀ : 31.07.2021(ਸ਼ਾਮ 5:00 ਵਜੇ ਤੱਕ)

ਫੀਸ ਭਰਨ ਦੀ ਆਖਰੀ ਮਿਤੀ : 02.08.2021 (**ਸੋਮਵਾਰ)**

2. ਇਸ਼ਤਿਹਾਰ ਨੰ. 02 ਆਫ 2021 ਵਿੱਚ ਸਫਲਤਾ ਪੂਰਵਕ ਆਨਲਾਈਨ ਅਪਲਾਈ ਕਰਨ ਵਾਲੇ ਉਮੀਦਵਾਰਾਂ, ਜਿਨ੍ਹਾਂ ਵੱਲੋਂ ਇਸ਼ਤਿਹਾਰ ਨੰ. 12 ਆਫ 2021 ਵਿਰੁੱਧ ਦੁਬਾਰਾ ਆਨਲਾਈਨ ਅਪਲਾਈ ਨਹੀਂ ਕੀਤਾ ਗਿਆ ਹੈ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਲਈ ਇਸ਼ਤਿਹਾਰ ਨੰ. 12 ਆਫ 2021 ਵਿੱਚ ਦਰਜ਼ ਹਦਾਇਤਾਂ ਅਨੁਸਾਰ ਮੁੜ ਤੋਂ ਸੋਧਿਆ ਫਾਰਮ ਆਨ ਲਾਈਨ submit ਕੀਤਾ ਜਾਣਾ ਜ਼ਰੂਰੀ ਹੈ ਅਤੇ ਇਹਨਾਂ ਉਮੀਦਵਾਰਾਂ ਨੂੰ ਮੁੜ ਫੀਸ ਭਰਨ ਦੀ ਲੋੜ ਨਹੀਂ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਹਨਾਂ ਦਾ ਪਹਿਲਾ submit ਕੀਤਾ ਆਨ ਲਾਈਨ ਐਪਲੀਕੇਸ਼ਨ ਫਾਰਮ ਨੂੰ ਵਿਚਾਰਿਆ ਨਹੀਂ ਜਾਵੇਗਾ ਤੇ ਇਹ ਸਮਝ ਲਿਆ ਜਾਵੇਗਾ ਕਿ ਉਹ ਇਹਨਾ ਅਸਾਮੀਆਂ ਲਈ ਅਪਲਾਈ ਕਰਨ ਦੇ ਇੱਛਕ ਨਹੀਂ ਹਨ।

3. ਇਸ ਤੋਂ ਇਲਾਵਾ ਇਸ਼ਤਿਹਾਰ 02 ਆਫ 2021 ਦੇ ਸਬੰਧ ਵਿੱਚ ਦਾਇਰ ਹੋਈਆਂ ਵੱਖ-ਵੱਖ ਸਿਵਲ ਰਿਟ ਪਟੀਸ਼ਨਾਂ ਦੇ ਪਟੀਸ਼ਨਰਾਂ (ਜਿਨ੍ਹਾਂ ਨੇ ਮਾਨਯੋਗ ਹਾਈਕੋਰਟ ਦੇ ਹੁਕਮਾਂ ਦੇ ਸਨਮੁੱਖ ਆਫ ਲਾਈਨ ਅਪਲਾਈ ਕੀਤਾ ਹੈ) ਨੂੰ ਸੂਚਿਤ ਕੀਤਾ ਜ਼ਾਂਦਾ ਹੈ ਕਿ ਉਨ੍ਹਾਂ ਨੂੰ ਵੀ ਇਸ਼ਤਿਹਾਰ ਨੰ. 12 ਆਫ 2021 ਵਿੱਚ ਆਨਲਾਈਨ ਐਪਲੀਕੇਸ਼ਨ ਫਾਰਮ ਸਮੇਤ ਭਰਤੀ ਫੀਸ ਜਮ੍ਹਾਂ ਕਰਨਾ ਜ਼ਰੂਰੀ ਹੈ। ਜਿਨ੍ਹਾਂ ਪਟੀਸ਼ਨਰਾਂ ਨੇ ਅਜੇ ਤੱਕ ਆਨ ਲਾਈਨ ਐਪਲੀਕੇਸ਼ਨ ਫਾਰਮ ਅਪਲਾਈ ਨਹੀਂ ਕੀਤਾ ਹੈ, ਉਹ ਇਸ਼ਤਿਹਾਰ ਨੰ. 12 ਆਫ 2021 ਵਿੱਚ ਦਰਜ਼ ਵਿਦਿਅਕ ਯੋਗਤਾ ਅਨੁਸਾਰ ਆਨ ਲਾਈਨ ਅਪਲਾਈ ਕਰ ਸਕਦੇ ਹਨ।

ਸਹੀ/-

ਮਿਤੀ : 26.07.2021

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ